# ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇੰਜੀਨੀਅਰਿੰਗ ਵਿੰਗ ਵਿਖੇ ਸਥਿਤ ਫੋਟੋਸਟੇਟ ਅਤੇ ਸਟੇਸ਼ਨਰੀ ਦੀ ਦੁਕਾਨ ਖੁਲ੍ਹੀ ਬੋਲੀ ਰਾਹੀਂ ਅਲਾਟ ਕੀਤੀ ਜਾਣੀ ਹੈ। ਚਾਹਵਾਨ ਵਿਅਕਤੀ ਮਿਤੀ 30-11-2017 ਦਿਨ ਵੀਰਵਾਰ ਸਮਾਂ ਬਾਅਦ ਦੁਪਿਹਰ 3:00 ਵਜੇ ਇੰਜੀਨੀਅਰਿੰਗ ਵਿੰਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪਹੁੰਚ ਕੇ ਬੋਲੀ ਦੇ ਸਕਦੇ ਹਨ। ਬੋਲੀ ਦੇਣ ਵਾਲੇ ਵਿਅਕਤੀ ਨੂੰ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਂ ਤੇ 10,000/- ਰੁਪਏ ਦਾ ਡਿਮਾਂਡ ਡਰਾਫਟ ਅਰਨੈਸਟ ਮਨੀ ਵਜੋਂ ਮੌਕੇ ਤੇ ਜਮ੍ਹਾਂ ਕਰਵਾਉਣਾ ਪਵੇਗਾ, ਜੋ ਬਾਅਦ ਵਿਚ ਵਾਪਸ ਕਰ ਦਿਤਾ ਜਾਵੇਗਾ। ਬੋਲੀ ਸਬੰਧੀ ਬਾਕੀ ਦੀਆਂ ਵਿਸਥਾਰ ਪੂਰਵਕ ਸ਼ਰਤਾਂ ਯੂਨੀਵਰਸਿਟੀ ਦੀ website www.punjabiuniversity.ac.in ਤੇ ਵੇਖੀਆਂ ਜਾ ਸਕਦੀਆਂ ਹਨ।

ਰਜਿਸਟਰਾਰ
ਪੰਜਾਬੀ ਯੂਨੀਵਰਸਿਟੀ
ਪਟਿਆਲਾ

## ਬੋਲੀ ਸੰਬੰਧੀ ਸ਼ਰਤਾਂ

1. ਜੋ ਵੀ ਇਸ ਬੋਲੀ ਵਿਚ ਹਿੱਸਾ ਲੈਣਾ ਚਾਹੁੰਦਾ ਹੈ ਉਹ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ 10,000/-ਰੁ: ਦਾ ਇਕ ਡਿਮਾਂਡ ਡਰਾਫਟ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਜਮ੍ਹਾਂ ਕਰਵਾਏਗਾ। ਸਫ਼ਲ ਬੋਲੀ ਦੇਣ ਵਾਲੇ ਦੀ ਇਹ ਰਕਮ ਕਿਰਾਏ ਵਿਚ ਐਡਜਸਟ ਕੀਤੀ ਜਾਵੇਗੀ ਅਤੇ ਬਾਕੀ ਉਮੀਦਵਾਰਾਂ ਨੂੰ ਇਹ ਰਕਮ ਵਾਪਸ ਕਰ ਦਿੱਤੀ ਜਾਵੇਗੀ।

2. ਬੋਲੀਦਾਰ ਦਾ ਪ੍ਰਤੀਨਿਧੀ ਬੋਲੀ ਤਾਂ ਹੀ ਦੇ ਸਕੇਗਾ ਜੇਕਰ ਉਸ ਕੋਲ ਮੁਖਤਿਆਰਨਾਮਾ ਖਾਸ ਜਾਂ ਬੋਲੀ ਦੇਣ ਲਈ ਅਧਿਕਾਰ ਪੱਤਰ ਹੋਵੇਗਾ।

3. ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਜਾਂ ਉਹਨਾਂ ਵੱਲੋਂ ਹੋਰ ਕੋਈ ਅਧਿਕਾਰਤ ਅਫ਼ਸਰ ਨੂੰ ਬੋਲੀ ਨੂੰ ਮੰਨਜ਼ੂਰ ਜਾਂ ਖਾਰਜ ਕਰਨ ਦਾ ਬਿਨਾਂ ਕਾਰਨ ਦੱਸੇ, ਪੂਰਨ ਅਧਿਕਾਰ ਹੋਵੇਗਾ ਅਤੇ ਬੋਲੀਦਾਰ ਨੂੰ ਉਪਰੋਕਤ ਰਕਮ ਵਾਪਸ ਕਰ ਦਿੱਤੀ ਜਾਵੇਗੀ।

4. ਸਫਲ ਬੋਲੀ ਦੇਣ ਵਾਲੇ ਨੂੰ ਮੌਕੇ ਤੇ ਇੱਕ ਮਹੀਨੇ ਦਾ ਬਣਦਾ ਰੈਂਟ ਨਗਦੀ ਰੂਪ ਵਿਚ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ 10 ਦਿਨਾਂ ਦੇ ਅੰਦਰ-ਅੰਦਰ ਦੁਕਾਨ ਸ਼ੁਰੂ ਕਰਨੀ ਹੋਵੇਗੀ ਨਹੀ ਤਾਂ ਜਮ੍ਹਾਂ ਕਰਵਾਈ ਰਾਸ਼ੀ ਜਬਤ ਸਮਝੀ ਜਾਵੇਗੀ।

5. ਦੁਕਾਨ ਦਾ ਕਬਜਾ ਲੈਣ ਉਪਰੰਤ 10 ਦਿਨਾਂ ਦੇ ਅੰਦਰ-ਅੰਦਰ ਕਿਰਾਇਆਨਾਮਾ/ਲੀਜ਼ ਡੀਡ ਕਰਨੀ ਹੋਵੇਗੀ ਜਿਸ ਦੀਆਂ ਵਿਸਥਾਰ ਪੂਰਵਕ ਸ਼ਰਤਾਂ ਮੌਕੇ ਤੇ ਦੱਸੀਆ ਜਾਣਗੀਆਂ।

ਰਜਿਸਟਰਾਰ 15/1/12
ਪੰਜਾਬੀ ਯੂਨੀਵਰ੍ਸਿਟੀ
ਪਟਿਆਲਾ

## ਯੂਕੋ ਵਿਖੇ ਦੁਕਾਨ ਅਲਾਟ ਕਰਨ ਸਬੰਧੀ ਸ਼ਰਤਾਂ

1. ਦੁਕਾਨ ਦੀ ਬੋਲੀ 7,000/-ਰੁਪਏ ਪ੍ਰਤੀ ਮਹੀਨਾ ਕਿਰਾਏ ਤੋਂ ਸ਼ੁਰੂ ਕੀਤੀ ਜਾਵੇਗੀ।

2. ਦੁਕਾਨ ਤਿੰਨ ਸਾਲ ਲਈ ਅਲਾਟ ਕੀਤੀ ਜਾਵੇਗੀ ਪਰੰਤੂ ਲਾਇਸੈਂਸ ਮਨੀ ਵਿੱਚ ਹਰ ਸਾਲ 10% ਦਾ ਵਾਧਾ ਕੀਤਾ ਜਾਵੇਗੀ।

3. ਪਾਣੀ ਅਤੇ ਬਿਜਲੀ ਦਾ ਪੂਰਾ ਬਿੱਲ ਲਾਇਸੈਂਸੀ ਵਲੋਂ ਅਦਾ ਕੀਤਾ ਜਾਵੇਗਾ।

4 ਦੁਕਾਨ ਦੇ ਫਰਨੀਚਰ ਆਦਿ ਦਾ ਕੰਮ ਆਲਾਟੀ ਵੱਲੋਂ ਆਪਣੇ ਖਰਚੇ ਤੇ ਕਰਨਾ ਹੋਵੇਗਾ।

5. ਅਲਾਟੀ ਨੂੰ ਦੁਕਾਨ ਦੀ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ।

6. ਦੁਕਾਨ ਦੀ ਅਲਾਟਮੈਂਟ ਹੋਣ ਸਮੇਂ ਲਾਇਸੈਂਸੀ ਨੂੰ ਇਕ ਮਹੀਨੇ ਦੇ ਰੈਂਟ ਅਨੁਸਾਰ ਇਕ ਸਾਲ ਦੀ ਬਣਦੀ ਸਕਿਊਰਿਟੀ ਨਕਦੀ ਰੂਪ ਵਿਚ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾਉਣੀ ਹੋਵੇਗੀ।

7. ਦੁਕਾਨ ਦੀ ਅਲਾਟਮੈਂਟ ਸਮੇਂ ਅਲਾਟੀ ਤੋਂ ਲਾਇਸੈਂਸ ਮਨੀ ਦੇ 36 ਐਡਵਾਂਸ ਪੋਸਟ ਡੇਟਿਡ ਚੈਕ ਲਏ ਜਾਣਗੇ।

ਰਜਿਸਟਰਾਰ
ਪੰਜਾਬੀ ਯੂਨੀਵਰਸਿਟੀ
ਪਟਿਆਲਾ